E:\Works\Works Branch\1-12-2009\Works Branchs\Works dated 4-12-2014\Works Branch Letter 24.docx

ਵਿਸ਼ਾ:- ਸੰਜੇ ਨਗਰ ਵਿਖੇ ਲੱਗੇ ਹੋਏ ਆਰ.ਓ. ਪਲਾਂਟ ਸਬੰਧੀ।

ਸ਼੍ਰੀਮਾਨ ਜੀ,

ਉਪਰੋਕਤ ਵਿਸ਼ੇ ਸਬੰਧੀ ਰਿਪੋਰਟ ਹੈ ਕਿ ਐਫ.ਐਂਡ ਸੀ.ਸੀ. ਵੱਲੋਂ ਆਪਣੇ ਮਤਾ ਨੰ: 625 ਮਿਤੀ 04.03.2014 ਰਾਹੀ ਸੰਜੇ ਨਗਰ ਵਿਖੇ ਲੱਗੇ ਆਰ.ਓ. ਪਲਾਂਟ, ਜੋ ਕਿ ਲਗਭਗ 3-4 ਸਾਲਾਂ ਤੋਂ ਬੰਦ ਪਿਆ ਹੈ ਅਤੇ ਰਿਪੇਅਰ ਹੋਣ ਯੋਗ ਨਹੀਂ ਹੈ ਅਤੇ ਇਸ ਨੂੰ ਕਿਸੇ ਹੋਰ ਥਾਂ ਤੇ ਵਰਤਿਆ ਵੀ ਨਹੀਂ ਜਾ ਸਕਦਾ, ਦੀ 25000/- ਰੁਪਏ ਰਿਜ਼ਰਵ ਕੀਮਤ ਨਿਸ਼ਚਿਤ ਕਰਕੇ ਖੁੱਲ੍ਹੀ ਬੋਲੀ ਰਾਹੀ ਡਿਸਪੋਜ਼ ਆਫ ਕਰਨਾ ਪ੍ਰਵਾਨ ਕੀਤਾ ਗਿਆ ਸੀ। ਹੁਣ ਇਸ ਆਰ.ਓ. ਪਲਾਂਟ ਤੇ ਲੱਗੀ ਮਸ਼ੀਨਰੀ (ਜਿਵੇਂ ਕਿ ਟੈਂਕ, ਪੰਪ, ਪਾਈਪ ਸਿਸਟਮ ਆਦਿ) ਨੂੰ ਖੁੱਲੀ ਬੋਲੀ ਰਾਹੀਂ ਵੇਚਣ ਉਪਰੰਤ ਮੌਕੇ ਤੋਂ ਡਿਸਪੋਜ਼ ਆਫ ਕੀਤਾ ਜਾਣਾ ਹੈ। ਇਸ ਲਈ ਬੋਲੀ ਦੀ ਹੇਠ ਲਿਖੇ ਅਨੁਸਾਰ ਸ਼ਰਤਾਂ ਨਿਰਧਾਰਤ ਕੀਤੀਆਂ ਗਈਆਂ ਹਨ:-

1. ਬੋਲੀ ਦੀ ਰਿਜਰਵ ਕੀਮਤ 25000/- ਰੁਪਏ ਨਿਰਧਾਰਤ ਹੈ। ਬੋਲੀ ਵਿੱਚ ਹਿੱਸਾ ਲੈਣ ਲਈ ਬੋਲੀਕਾਰ ਵੱਲੋਂ 10000/- ਰੁਪਏ ਬਤੌਰ ਬਿਆਨਾ ਜਮ੍ਹਾ ਕਰਵਾਉਣਾ ਲਾਜ਼ਮੀ ਹੋਵੇਗਾ। ਜੋ ਕਿ ਸਫਲ ਬੋਲੀਕਾਰ ਨੂੰ ਛੱਡਕੇ ਬਾਕੀ ਦੇ ਬੋਲੀਕਾਰਾਂ ਨੂੰ ਵਾਪਿਸ ਕਰ ਦਿੱਤੀ ਜਾਵੇਗੀ।
2. ਬੋਲੀਕਾਰ ਕੰਡਮ ਸਮਾਨ ਦਾ ਮੌਕਾ ਕਿਸੇ ਵੀ ਕੰਮ ਵਾਲੇ ਦਿਨ ਸਾਈਟ (ਸੰਜੇ ਨਗਰ ਵਿਖੇ) ਤੇ ਜਾ ਕੇ ਦੇਖ ਸਕਦਾ ਹੈ।
3. ਨਗਰ ਨਿਗਮ ਵੱਲੋਂ ਸਭ ਤੋਂ ਵੱਧ ਬੋਲੀ ਦੇਣ ਵਾਲੇ ਬੋਲੀਕਾਰ ਨੂੰ ਹੀ ਕੰਡਮ ਸਮਾਨ ਦਿੱਤਾ ਜਾਵੇਗਾ।
4. ਬੋਲੀ ਦੌਰਾਨ ਬੋਲੀਕਾਰ ਵੱਲੋਂ ਦਿੱਤੀ ਜਾਣ ਵਾਲੀ ਬੋਲੀ ਵਿੱਚ ਵਾਧਾ ਘੱਟੋਂ ਘੱਟ 500/- ਰੁਪਏ ਦਾ ਹੋਵੇਗਾ।
5. ਬੋਲੀ ਲਈ ਘੱਟੋਂ ਘੱਟ ਤਿੰਨ ਬੋਲੀਕਾਰਾਂ ਦਾ ਹੋਣਾ ਜਰੂਰੀ ਹੈ।
6. ਕੰਡਮ ਸਮਾਨ ਦਾ ਕਬਜਾ ਨਗਰ ਨਿਗਮ ਵੱਲੋਂ ਬੋਲੀ ਦੀ ਪ੍ਰਵਾਨਗੀ ਹੋਣ ਤੋਂ ਬਾਅਦ ਬੋਲੀ ਦੀ ਪੂਰੀ ਰਕਮ ਜਮ੍ਹਾ ਕਰਵਾਉਣ ਉਪਰੰਤ ਦਿੱਤਾ ਜਾਵੇਗਾ।
7. ਬੋਲੀ ਦੀ ਪ੍ਰਵਾਨਗੀ ਤੋਂ ਬਾਅਦ ਬੋਲੀਕਾਰ 10 ਦਿਨਾਂ ਦੇ ਅੰਦਰ-2 ਕੰਡਮ ਸਮਾਨ ਨੂੰ ਚੁੱਕਣ ਦਾ ਪਾਬੰਦ ਹੋਵੇਗਾ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਬੋਲੀਕਾਰ ਦੀ ਸਕਿਉਰਟੀ/ਬਿਆਨਾ ਰਕਮ ਜਬਤ ਕਰ ਲਿੱਤੀ ਜਾਵੇਗੀ।
8. ਬਿਆਨੇ ਵਜੋਂ ਜਮ੍ਹਾ ਕਰਵਾਈ ਗਈ ਰਾਸ਼ੀ ਬੋਲੀ ਦੀ ਰਕਮ ਜਮ੍ਹਾ ਕਰਵਾਉਣ ਸਮੇਂ ਅਡਜਸਟ ਕੀਤੀ ਜਾਵੇਗੀ।
9. ਜੇਕਰ ਕਿਸੇ ਕਾਰਣ ਬੋਲੀ ਪ੍ਰਵਾਨ ਨਹੀਂ ਹੁੰਦੀ ਤਾਂ ਬੋਲੀਕਾਰ ਵੱਲੋਂ ਜਮ੍ਹਾ ਕਰਵਾਈ ਗਈ ਸਕਿਉਰਟੀ/ਬਿਆਨਾ ਰਕਮ ਵਾਪਿਸ ਕਰ ਦਿੱਤੀ ਜਾਵੇਗੀ ਅਤੇ ਇਸ ਤੇ ਕੋਈ ਵਿਆਜ ਨਹੀਂ ਦਿੱਤਾ ਜਾਵੇਗਾ।
10. ਬੋਲੀ ਦੀ ਪ੍ਰਵਾਨਗੀ ਉਪਰੰਤ ਬੋਲੀਕਾਰ ਵੱਲੋਂ ਨਿਸ਼ਚਿਤ ਸਮੇਂ ਤੇ ਸਮਾਨ ਨਾ ਚੁੱਕਣ ਦੀ ਸੂਰਤ ਵਿੱਚ ਬੋਲੀਕਾਰ ਵੱਲੋਂ ਜਮ੍ਹਾ ਕਰਵਾਈ ਗਈ ਸਕਿਉਰਟੀ/ਬਿਆਨਾ ਰਕਮ ਜਬਤ ਕਰਕੇ ਮੁੜ ਤੋਂ ਬੋਲੀ ਕਰਵਾਉਣ ਦਾ ਨਗਰ ਨਿਗਮ ਨੂੰ ਅਧਿਕਾਰ ਹੋਵੇਗਾ।
11. ਕੰਡਮ ਸਮਾਨ ਜਿਵੇਂ ਹੈ, ਜਿਸ ਹਾਲਤ ਵਿੱਚ ਹੈ, ਉਸੇ ਹਾਲਤ ਹੈ ਵਿੱਚ ਦਿੱਤੇ ਜਾਣਗੇ। ਸਮਾਨ ਨੂੰ ਚੁੱਕਣ/ਟਰਾਂਸਪੋਟੇਸ਼ਨ ਸਮੇਂ ਹੋਣ ਵਾਲਾ ਹਰ ਕਿਸਮ ਦਾ ਖਰਚਾ ਬੋਲੀਕਾਰ ਵੱਲੋਂ ਕੀਤਾ ਜਾਵੇ।
12. ਬੋਲੀ ਦੀ ਰਕਮ ਜਮ੍ਹਾ ਕਰਵਾਏ ਬਿਨਾਂ ਬੋਲੀਕਾਰ ਨੂੰ ਸਮਾਨ ਦਾ ਕਬਜਾ ਨਹੀਂ ਦਿੱਤਾ ਜਾਵੇਗਾ।
13. ਬੋਲੀ ਪ੍ਰਵਾਨ ਕਰਨ ਜਾਂ ਬੋਲੀ ਰੱਦ ਕਰਨ ਦੇ ਅਧਿਕਾਰ ਮਾਨਯੋਗ ਕਮਿਸ਼ਨਰ, ਨਗਰ ਨਿਗਮ, ਬਠਿੰਡਾ ਪਾਸ ਰਾਖਵੇਂ ਹਨ।

ਉਕਤ ਸ਼ਰਤਾਂ ਤੇ ਖੁੱਲ੍ਹੀ ਬੋਲੀ ਕਰਵਾਉਣ ਦੀ ਪ੍ਰਵਾਨਗੀ ਹਿੱਤ ਰਿਪੋਰਟ ਪੇਸ਼ ਹੈ ਜੀ।

E:\Works\Works Branch\1-12-2009\Works Branchs\Works dated 4-12-2014\Works Branch Letter 24.docx


# MUNICIPAL CORPORATION BATHINDA

Near Railway station, Bathinda Punjab 151001 Tel No 0164-2252812

Email- cmcbathinda@gmail.com


**No.** 242 **Date** 27/01/25

## ਬੋਲੀ ਦਾ ਨੋਟਿਸ

ਨਗਰ ਨਿਗਮ ਬਠਿੰਡਾ ਵੱਲੋਂ ਹੇਠ ਲਿਖੇ ਅਨੁਸਾਰ ਆਰ.ਓ. ਪਲਾਂਟ ਵਿੱਚ ਲੱਗੇ ਕੰਡਮ ਸਮਾਨ/ਮਸ਼ੀਨਰੀ (ਜਿਵੇਂ ਕਿ ਟੈਂਕ, ਪੰਪ, ਪਾਈਪ ਸਿਸਟਮ ਆਦਿ) ਨੂੰ ਖੁੱਲੀ ਬੋਲੀ ਰਾਹੀ ਵੇਚਿਆ ਜਾਣਾ ਹੈ। ਚਾਹਵਾਨ ਵਿਅਕਤੀ ਬੋਲੀ ਵਿੱਚ ਹਿੱਸਾ ਲੈ ਕੇ ਲਾਭ ਉਠਾਉਣ। ਬੋਲੀ ਸਬੰਧੀ ਸ਼ਰਤਾਂ ਨਗਰ ਨਿਗਮ ਦੀ ਨੋਟਿਸ ਬੋਰਡ ਅਤੇ ਨਗਰ ਨਿਗਮ ਦੀ ਵੈਬਸਾਈਟ www.mcbathinda.com ਤੇ ਦੇਖੀਆਂ ਜਾ ਸਕਦੀਆਂ ਹਨ।

**ਬੋਲੀ ਦਾ ਵੇਰਵਾ:-**

| ਲੜੀ ਨੰ: | ਬੋਲੀ ਦਾ ਨਾਮ | ਬਿਆਨਾ ਰਕਮ | ਰਿਜਰਵ ਕੀਮਤ | ਬੋਲੀ ਦੀ ਮਿਤੀ ਅਤੇ ਸਮਾਂ | ਬੋਲੀ ਦਾ ਸਥਾਨ |
|---|---|---|---|---|---|
| 1. | ਸੰਜੇ ਨਗਰ ਵਿਖੇ ਲੱਗੇ ਆਰ.ਓ. ਪਲਾਂਟ ਤੇ ਲੱਗੀ ਮਸ਼ੀਨਰੀ (ਜਿਵੇਂ ਕਿ ਟੈਂਕ, ਪੰਪ, ਪਾਈਪ ਸਿਸਟਮ ਆਦਿ) | 10000/- | 25000/- | 14.02.2025 ਸਮਾਂ ਸਵੇਰੇ 11.00 ਵਜੇ | ਨਗਰ ਨਿਗਮ ਮੀਟਿੰਗ ਹਾਲ |

ਨੋਟ:- ਉਕਤ ਸਬੰਧੀ ਕੋਰੀਜੰਡਮ ਸਿਰਫ ਵੈਬਸਾਈਟ www.mcbathinda.com ਅਤੇ ਨਗਰ ਨਿਗਮ ਦੇ ਨੋਟਿਸ ਬੋਰਡ ਤੇ ਪ੍ਰਕਾਸ਼ਿਤ ਕੀਤਾ ਜਾਵੇਗਾ।

ਨਿਗਮ ਇੰਜੀਨੀਅਰ,
ਨਗਰ ਨਿਗਮ, ਬਠਿੰਡਾ।